# ਸਿਟੀ ਵਿੱਚ ਕੀ-ਕੀ ਹੈ ਨਵਾਂ? ਜੁਲਾਈ 2020

ABBOTSFORD

## ਸਿਟੀ ਸੇਵਾਵਾਂ ਵਿੱਚ ਅੱਪਡੇਟ

ਫਿਲਹਾਲ ਸਿਟੀ ਦੀਆਂ ਸਾਰੀਆਂ ਸੇਵਾਵਾਂ ਔਨਲਾਈਨ ਅਤੇ ਫੋਨ ਤੇ ਉਪਲਭਦ ਹਨ। ਜੇ ਤੁਹਾਨੂੰ ਕਿਸੇ ਵੀ ਤਰਾਂ ਦੀ ਮੱਦਦ ਦੀ ਲੋੜ ਹੈ ਜਾਂ ਤੁਹਾਨੂੰ ਕਿਸੇ ਮਹਿਕਮੇ ਵਾਰੇ ਪਤਾ ਨਹੀਂ ਲੱਗ ਰਿਹਾ ਤਾਂ ਕਿਰਪਾ ਕਰਕੇ ਸਾਡੇ ਮੁੱਖ ਸਵਿੱਚਬੋਰਡ 604-853-2281 ਤੇ ਫੋਨ ਕਰੋ।

## ਵਿਅਕਤੀਗਤ ਮੁਲਾਕਾਤਾਂ

ਸਿਟੀ ਹਾਲ ਕੁਝ ਗਿਣੀਆਂ ਚੁਣੀਆਂ ਸੇਵਾਵਾਂ ਲਈ ਵਿਅਕਤੀਗਤ ਮੁਲਾਕਾਤਾਂ 6 ਜੁਲਾਈ ਤੋਂ ਸ਼ੁਰੂ ਕਰਨਗੇ। ਕੈਸ਼ੀਅਰ ਖੁੱਲ੍ਹੇ ਰਹਿਣਗੇ ਅਤੇ ਇਨ੍ਹਾਂ ਲਈ ਕੋਈ ਅਪੌਇੰਟਮੈਂਟ ਦੀ ਜ਼ਰੂਰਤ ਨਹੀਂ ਹੈ। ਸਿਟੀ ਹਾਲ ਪਹੁੰਚਣ ਤੋਂ ਪਹਿਲਾਂ, ਕਿਰਪਾ ਕਰਕੇ ਆਪਣੇ ਉਚਿਤ ਮਹਿਕਮੇ ਵਿੱਚ ਫੋਨ ਕਰਕੇ ਵਿਅਕਤੀਗਤ ਮੁਲਾਕਾਤ ਲਈ ਟਾਈਮ ਬੁੱਕ ਕਰੋ। ਅਪੌਇੰਟਮੈਂਟ ਸਿਰਫ ਇੱਕ ਬੰਦੇ ਲਈ ਹੀ ਹੈ।ਸਿਟੀ ਹਾਲ ਨਾਲ ਸੰਪਰਕ ਸੀਮਿਤ ਰਹੇਗਾ ਅਤੇ ਸਰੀਰਕ ਦੂਰੀ ਦੇ ਪੈਮਾਨੇ ਲਏ ਜਾਣਗੇ। ਮੁਲਾਕਾਤੀਆਂ ਨੂੰ ਨੌਰਥ ਐਂਟ੍ਰੈਂਸ ਕੈਨੋਪੀ ਦੇ ਹੇਠਾਂ ਤੋਂ ਆਪਣੇ ਅਪੌਇੰਟਮੈਂਟ ਟਾਈਮ ਤੋਂ ਪਹਿਲਾਂ ਅੰਦਰ ਆਉਣਾ ਹੈ। ਅਸੀਂ ਤੁਹਾਡੀ ਸਹਿਣਸ਼ੀਲਤਾ ਲਈ ਬਹੁਤ ਧੰਨਵਾਦੀ ਹਾਂ ਜਿਵੇਂ ਜਿਵੇਂ ਅਸੀਂ ਸਾਰਿਆਂ ਨੂੰ ਤੰਦਰੁਸਤ ਅਤੇ ਸੁਰੱਖਿਅਤ ਰੱਖ ਰਹੇ ਹਾਂ।

### ਅਪੌਇੰਟਮੈਂਟ ਲਈ ਫੋਨ ਨੰਬਰ:

- ਬਿਲਡਿੰਗ ਅਤੇ ਬਿਜ਼ਨੈੱਸ ਲਾਈਸੈਂਸ (ਪਹਿਲੀ ਮੰਜ਼ਿਲ): 604-864-5525
- ਸਿਟੀ ਕਲਰਕ ਆਫਿਸ (ਪੰਜਵੀਂ ਮੰਜ਼ਿਲ): 604-864-5506
- ਇੰਜੀਨੀਅਰਿੰਗ (ਚੌਥੀ ਮੰਜ਼ਿਲ): 604-864-5514
- ਪਾਰਕਾਂ, ਰੀਕਰੀਏਸ਼ਨ ਅਤੇ ਸੱਭਿਆਚਾਰ (ਤੀਜੀ ਮੰਜ਼ਿਲ):604-859-3134
- ਪਲੈਨਿੰਗ ਅਤੇ ਡਵੇਲਪਮੈਂਟ ਸਰਵਿਸਸ (ਦੂਜੀ ਮੰਜ਼ਿਲ): 604-864-5510

ਹੋਰ ਜਾਣਕਾਰੀ ਵਾਸਤੇ **abbotsford.ca/reopening.**

## ਵੇਸਟ ਵਿਜ਼ਾਰਡ ਗਾਰਬੇਜ ਅਤੇ ਰੀਸਾਈਕਲਿੰਗ ਦੀ ਖੋਜ




ਕੀ ਤਸੀਂ ਗਾਰਬੇਜ ਅਤੇ ਰੀਸਾਈਕਲ ਵਿਚ ਕੀ-ਕੀ ਜਾਣਾ ਚਾਹੀਦੈ ਨੂੰ ਲੈ ਕੇ ਉਲਝਣ ਵਿੱਚ ਹੋ? ਕਿਰਪਾ ਕਰਕੇ ਐਬਟਸਫੋਰਡ ਕਰਬਸਾਈਡ ਕੋਲੈਕਸ਼ਨ ਐਪ ਰਾਹੀਂ ਵੇਸਟ ਵਿਜ਼ਾਰਡ ਬਾਰੇ ਜਾਣਕਾਰੀ ਲਵੋ। ਇਹ ਫਰੀ ਵਿੱਚ ਡਾਊਨਲੋਡ ਕਰੋ ਅਤੇ ਆਸਾਨੀ ਨਾਲ਼ ਆਪਣੇ ਫੋਨ ਤੋਂ ਜਾਣਕਾਰੀ ਲਵੋ। ਹੋਰ ਜਾਣਕਾਰੀ ਵਾਸਤੇ: abbotsford.ca/wastewizard.

## ਬਾਹਰ ਜਾ ਕੇ ਖੇਡੋ

ਐਬਟਸਫੋਰਡ ਪਾਰਕ, ਰੀਕ੍ਰੀਏਸ਼ਨ ਅਤੇ ਕਲਚਰ ਇਹਨਾਂ ਗਰਮੀਆਂ ਵਿੱਚ ਸਾਰਾ ਮਜ਼ਾ ਬਾਹਰ ਕਰਨ ਦੀ ਕੋਸ਼ਿਸ਼ ਵਿੱਚ ਹਨ! ਤਰਾਂ ਤਰਾਂ ਦੀਆਂ ਬਾਹਰਲੀਆਂ ਖੇਡਾਂ, ਫਿਟਨੈੱਸ, ਰੀਕ੍ਰੀਏਸ਼ਨ ਅਤੇ ਡੇਅ ਕੈਂਪਾਂ ਲਈ ਔਨਲਾਈਨ ਰਜਿਸਟ੍ਰੇਸ਼ਨ ਹੁਣ ਸ਼ੁਰੂ ਹੋ ਗਈ ਹੈ। ਇਹ ਗਰਮੀਆਂ ਵਿੱਚ, "ਪੌਪ ਅਪਸ ਇਨ ਦਾ ਪਾਰਕਸ" ਵੀ ਕੋਮੁਨਿਟੀ ਵਿੱਚ ਵੱਖ ਵੱਖ ਥਾਵਾਂ ਤੇ ਆਉਣਗੇ, ਅਤੇ ਪੂਰੇ ਪਰਿਵਾਰ ਲਈ ਫਰੀ ਬਾਹਰਲਾ ਮਨੋਰੰਜਨ, ਕਲਾ ਅਤੇ ਕਲਚਰ ਪ੍ਰੋਗਰਾਮਿੰਗ। ਆਓ ਕੋਮੁਨਿਟੀ ਦੇ ਹੌਂਸਲੇ ਨੂੰ ਅਹਿਮੀਅਤ ਦਿੰਦੇ ਅਤੇ 2 ਮੀਟਰ ਦੀ ਦੂਰੀ ਬਣੌਂਦੇ ਹੋਏ, ਸਾਡੇ ਨਾਲ਼ ਧੁੱਪ ਵਿੱਚ ਮਜ਼ੇ ਲੈਣ ਲਈ ਜੁੜੋ!

go Play outside

ਹੋਰ ਜਾਣਕਾਰੀ ਵਾਸਤੇ: **abbotsford.ca/goplayoutside.**

## ਸਿਟੀ ਕੌਂਸਿਲ ਬਾਰੇ ਜਾਣਕਾਰੀ

### ਪਬਲਿਕ ਹੀਅਰਿੰਗ ਵਿੱਚ ਬਦਲਾਓ

ਪਬਲਿਕ ਹੀਅਰਿੰਗ ਪਹਿਲਾਂ ਵਾਂਗ ਹੀ ਤਹਿ ਕੀਤੀਆਂ ਜਾਣਗੀਆਂ ਪਰ ਸਰੀਰਕ ਦੂਰੀ ਵੱਲ ਧਿਆਨ ਦਿੰਦੇ ਹੋਏ ਵੱਧ ਤੋਂ ਵੱਧ 50 ਬੰਦੇ ਹੀ ਇਕੱਠੇ ਹੋਣਗੇ।

### ਸਿਟੀ ਕੌਂਸਿਲ ਬਰੌਡਕਾਸਟ



ਸਿਟੀ ਕੌਂਸਿਲ ਦੀਆਂ ਮੀਟਿੰਗਾਂ ਅਤੇ ਏਜੈਂਡਾਜ਼ **abbotsford.ca/councilagendas** ਤੇ ਉਪਲਭਦ ਹਨ। ਸਾਰੇ ਲੋਕਾਂ ਨੂੰ ਕੌਂਸਿਲ ਮੀਟਿੰਗਾਂ ਔਨਲਾਈਨ **abbotsford.ca/watchcouncilonline** ਤੇ ਦੇਖਣ ਦੀ ਬੇਨਤੀ ਹੈ।

### ਕੌਂਸਿਲ ਮੀਟਿੰਗਾਂ ਦਾ ਵੇਰਵਾ

**ਜੁਲਾਈ** 20: ਦੁਪਹਿਰ 3 ਵਜੇ ਐਗਜ਼ੈਕੁਟਿਵ ਕੁਮਿਟੀ
ਸ਼ਾਮ 7 ਵਜੇ ਪਬਲਿਕ ਹੀਅਰਿੰਗ/ ਰੋਜਾਨਾ ਕੌਂਸਿਲ

**ਜੁਲਾਈ** 27: ਦੁਪਹਿਰ 1 ਵਜੇ ਕੁਮਿਟੀ ਆਫ ਦ ਹੋਲ ਰੂਮ (ਕਮਰਾ ਨੰ: 530)

**ਅਗਸਤ** 3: ਕੋਈ ਮੀਟਿੰਗ ਨਹੀਂ

**ਅਗਸਤ** 10: ਕੋਈ ਮੀਟਿੰਗ ਨਹੀਂ

**ਅਗਸਤ** 17: ਕੋਈ ਮੀਟਿੰਗ ਨਹੀਂ

**ਅਗਸਤ** 24: ਕੋਈ ਮੀਟਿੰਗ ਨਹੀਂ

**ਅਗਸਤ** 31: ਦੁਪਹਿਰ 3 ਵਜੇ ਐਗਜ਼ੈਕੁਟਿਵ ਕੁਮਿਟੀ
ਸ਼ਾਮ 7 ਵਜੇ ਪਬਲਿਕ ਹੀਅਰਿੰਗ/ ਰੋਜਾਨਾ ਕੌਂਸਿਲ